ਪੰਜਾਬੀ ਟ੍ਰਿਬਿਊਨ, ਮੰਗਲਵਾਰ, 5 ਸਤੰਬਰ 2017

# ਤੀਜ ਮੁਕਾਬਲੇ ਕਰਵਾਏ



ਚਮਕੌਰ ਸਾਹਿਬ: ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਵਿੱਚ ਰੂਪਨਗਰ ਰੈੱਡ ਕਰਾਸ ਵੱਲੋਂ ਕਰਵਾਏ ਗਏ ਤੀਆਂ ਦੇ ਮੇਲੇ ਵਿੱਚ ਮਿਸ ਤੀਜ ਮੁਕਾਬਲੇ ਵਿੱਚ ਪਹਿਲੇ ਤਿੰਨ ਸਥਾਨ ਹਾਸਲ ਕੀਤੇ। ਕਾਲਜ ਕਮੇਟੀ ਦੇ ਸਕੱਤਰ ਦਵਿੰਦਰ ਸਿੰਘ ਜਟਾਣਾ, ਪ੍ਰਿੰਸੀਪਲ ਪ੍ਰੋ. ਸੁਰਮੁੱਖ ਸਿੰਘ ਤੇ ਪ੍ਰੋ. ਮਮਤਾ ਅਰੋੜਾ ਨੇ ਦੱਸਿਆ ਕਿ ਮੇਲੇ ਵਿੱਚ ਬੇਲਾ ਕਾਲਜ ਦੀ ਬੀਏ ਭਾਗ ਦੂਜਾ ਦੀ ਹਰਪ੍ਰੀਤ ਕੌਰ ਮਿਸ ਤੀਜ ਚੁਣੀ ਗਈ। ਇਸੇ ਕਾਲਜ ਦੀ ਹਰਜੀਤ ਕੌਰ ਬੀਏ ਭਾਗ ਤੀਜਾ ਤੇ ਵਰਿੰਦਰਜੀਤ ਕੌਰ ਬੀਏ ਭਾਗ ਦੂਜਾ ਦੂਸਰੇ ਤੇ ਤੀਜੇ ਸਥਾਨ 'ਤੇ ਰਹੀਆਂ। ਇਸ ਮੌਕੇ ਮੈਨੇਜਰ ਸੁਖਵਿੰਦਰ ਸਿੰਘ ਵਿਸਕੀ, ਮੈਡਮ ਸੁਨੀਤਾ ਰਾਣੀ, ਡਾ. ਹਰਪ੍ਰੀਤ ਕੌਰ, ਪ੍ਰੋ. ਗੁਰਿੰਦਰ ਸਿੰਘ, ਪ੍ਰੋ. ਗੁਰਲਾਲ ਸਿੰਘ ਤੇ ਪ੍ਰੋ. ਤਰਨਜੀਤ ਕੌਰ ਹਾਜ਼ਰ ਸਨ। -ਨਿੱਜੀ ਪੱਤਰ ਪ੍ਰੇਰਕ